## ਸ਼੍ਰੇਣੀ–ਬਾਰ੍ਹਵੀਂ
## ਚੋਣਵੀਂ ਪੰਜਾਬੀ (2025–26)
## ਨਮੂਨਾ ਪ੍ਰਸ਼ਨ–ਪੱਤਰ (ਵਿਲੱਖਣ ਸਮਰੱਥਾ ਵਾਲ਼ੇ ਵਿਦਿਆਰਥੀਆਂ ਲਈ)

**ਸਮਾਂ: ਤਿੰਨ ਘੰਟੇ** **ਕੁੱਲ ਅੰਕ: 80**

**(1)** ਪ੍ਰਸ਼ਨ-ਪੱਤਰ ਦੇ ਕੁੱਲ **6** ਪ੍ਰਸ਼ਨ ਹਨ।

**(2)** ਸਾਰੇ ਪ੍ਰਸ਼ਨ ਜ਼ਰੂਰੀ ਹਨ।

**(3)** ਵਸਤੂਨਿਸਠ ਪ੍ਰਸ਼ਨਾਂ ਦੇ ਚਾਰ ਭਾਗ (ੳ) (ਅ) (ੲ) ਅਤੇ (ਸ) ਹਨ। ਹਰੇਕ ਪ੍ਰਸ਼ਨ ਦੇ ਦੋ ਅੰਕ ਹਨ।

ਪ੍ਰਸ਼ਨ 1. ਵਸਤੂਨਿਸ਼ਠ ਪ੍ਰਸ਼ਨ: 20×2=40

### ਭਾਗ–ੳ

ਇੱਕ–ਦੋ ਸ਼ਬਦਾਂ ਵਿੱਚ ਉੱਤਰ ਵਾਲ਼ੇ ਪ੍ਰਸ਼ਨ:

1. ਸ਼ਾਹ ਹੁਸੈਨ ਕਿਹੜੀ ਕਾਵਿ–ਧਾਰਾ ਨਾਲ਼ ਸੰਬੰਧਿਤ ਕਵੀ ਹੈ ?
2. 'ਮੱਧ–ਕਾਲੀਨ ਪੰਜਾਬੀ–ਕਾਵਿ (ਝਲਕਾਂ ਤੇ ਇਤਿਹਾਸ)' ਪਾਠ–ਪੁਸਤਕ ਵਿੱਚ ਦਰਜ ਸ੍ਰੀ ਗੁਰੂ ਅਮਰਦਾਸ ਜੀ ਦੀ ਕਿਸੇ ਇੱਕ ਰਚਨਾ ਦਾ ਨਾਂ ਲਿਖੋ।
3. ਪ੍ਰਿੰਸੀਪਲ ਤੇਜਾ ਸਿੰਘ ਦੀ ਅੰਗਰੇਜ਼ੀ ਸਾਹਿਤ ਵਿੱਚ ਡੂੰਘੀ ਦਿਲਚਸਪੀ ਕਿਸ ਨੇ ਪੁਆਈ?
4. ਡਾ. ਜਸਵੰਤ ਸਿੰਘ ਨੇਕੀ ਨੂੰ ਕਿਸ ਸ਼ਹਿਰ ਨਾਲ਼ ਪਿਆਰ ਸੀ ?
5. ਸਾਹਿਤ–ਰੂਪਾਂ ਵਿੱਚੋਂ ਕਿਸ ਸਾਹਿਤ–ਰੂਪ ਦਾ ਜਨਮ ਸਭ ਤੋਂ ਪਹਿਲਾਂ ਹੋਇਆ ?

### ਭਾਗ–ਅ

ਬਹੁ–ਚੋਣਵੇਂ ਪ੍ਰਸ਼ਨ:

1. ਸੰਸਾਰ ਕਿਸ ਪ੍ਰੀਤ ਨਾਇਕਾ ਨੂੰ ਨਿੰਦਦਾ/ਭੰਡਦਾ ਆਇਆ ਹੈ ?
   (ੳ) ਲੈਲਾ ਨੂੰ (ਅ) ਸ਼ੀਰੀ ਨੂੰ (ੲ) ਸਾਹਿਬਾਂ ਨੂੰ (ਸ) ਸੋਹਣੀ ਨੂੰ
2. 'ਨਿਮਾਣਿਆਂ ਦੀ ਰੱਬਾ ਰੱਬਾ ਹੋਈ' ਕਾਫ਼ੀ ਵਿੱਚ 'ਰੱਬਾ ਰੱਬਾ ਹੋਈ' ਤੋਂ ਕੀ ਭਾਵ ਹੈ?
   (ੳ) ਤੋਬਾ–ਤੋਬਾ ਹੋਈ (ਅ) ਜੈ–ਜੈਕਾਰ ਹੋਈ
   (ੲ) ਬੱਲੇ–ਬੱਲੇ ਹੋਈ (ਸ) ਚੰਗਾ–ਚੰਗਾ ਹੋਈ
3. 'ਨਾਨਕ ਪਰਖੇ ਆਪ ਕਉ' ਸਲੋਕ ਦੀ ਰਚਨਾ ਕਿਸ ਨੇ ਕੀਤੀ ਹੈ ?
   (ੳ) ਸ੍ਰੀ ਗੁਰੂ ਨਾਨਕ ਦੇਵ ਜੀ (ਅ) ਸ੍ਰੀ ਗੁਰੂ ਅੰਗਦ ਦੇਵ ਜੀ
   (ੲ) ਸ੍ਰੀ ਗੁਰੂ ਅਮਰਦਾਸ ਜੀ (ਸ) ਸ੍ਰੀ ਗੁਰੂ ਰਾਮਦਾਸ ਜੀ
4. 'ਮੇਰੇ ਬੱਚੇ ਮੇਰਾ ਮੁਹਾਂਦਰਾ' ਵਿੱਚ ਕਿਸ ਦਾ ਜਨਮ–ਦਿਨ ਮਨਾਇਆ ਜਾ ਰਿਹਾ ਸੀ ?
   (ੳ) ਜੀਨੀ ਦਾ (ਅ) ਜੱਨਤ ਦਾ
   (ੲ) ਮਨੂੰ ਦਾ (ਸ) ਬਲਵੰਤ ਦਾ
5. ਉਹ ਕਿਹੜਾ ਸਾਹਿਤ–ਰੂਪ ਹੈ ਜਿਸ ਵਿੱਚ ਲੇਖਕ ਆਪਣੇ ਨਿੱਜੀ ਜੀਵਨ ਦਾ ਬਿਓਰਾ ਪੇਸ਼ ਕਰਦਾ ਹੈ ?
   (ੳ) ਸ੍ਵੈਜੀਵਨੀ (ਅ) ਜੀਵਨੀ

(ੲ) ਰੇਖਾ-ਚਿੱਤਰ (ਸ) ਨਿਬੰਧ

ਭਾਗ-ੲ

ਹੇਠ ਲਿਖੇ ਕਥਨਾਂ ਵਿੱਚੋਂ ਕਿਹੜੇ ਕਥਨ ਸਹੀ ਹਨ ਅਤੇ ਕਿਹੜੇ ਗ਼ਲਤ:

1. ਪੀਲੂ ਪੰਜਾਬੀ ਦਾ ਪ੍ਰਸਿੱਧ ਕਿੱਸਾਕਾਰ ਹੈ।
2. ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਕਿੱਸਾ 'ਪੂਰਨ ਭਗਤ' ਦਮੋਦਰ ਦੀ ਰਚਨਾ ਹੈ।
3. ਲੋਕ-ਧਾਰਾ ਨੂੰ ਇਕੱਤਰ ਕਰਨ ਲਈ ਵਣਜਾਰਾ ਬੇਦੀ ਨੂੰ ਬਹੁਤੀ ਸਮਗਰੀ ਸ਼ਰਨਾਰਥੀਆਂ ਤੋਂ ਪ੍ਰਾਪਤ ਹੋਈ।
4. ਤਾਮਿਲ ਫ਼ਿਲਮ 'ਪੂਨੀ' ਵਿੱਚ ਦਾਰਾ ਸਿੰਘ ਨੇ ਕਿੰਗਕਾਂਗ ਨਾਲ਼ ਕੁਸ਼ਤੀ ਲੜੀ ਸੀ।
5. ਪ੍ਰਭਜੋਤ ਕੌਰ ਨੂੰ 'ਮੋਤੀਆ' ਨਾਂ ਬਹੁਤ ਪਸੰਦ ਸੀ।

ਭਾਗ-ਸ

ਖ਼ਾਲੀ ਥਾਂਵਾਂ ਭਰੋ:

1. ਸਾਹਿਬਾਂ ਦੇ ਬਾਪ ਦਾ ਨਾਂ______________ਸੀ। (ਖੀਵਾ ਖਾਨ/ ਵੰਝਲ)
2. ਵਾਰਿਸ ਸ਼ਾਹ ਦੇ ਕਿੱਸੇ ਵਿੱਚ ਰਾਂਝਾ ___________________ਕੋਲ਼ੋਂ ਜੋਗ ਧਾਰਨ ਕਰਦਾ ਹੈ। (ਗੁਰੂ ਗੋਰਖ ਨਾਥ/ਗੁਰੂ ਬਾਲ ਨਾਥ)
3. ਸਰਦਾਰਾ ਸਿੰਘ ਜੌਹਲ ਨੂੰ ____________ ਜਮਾਤ ਤੋਂ ਬਾਅਦ ਪੜ੍ਹਨੋਂ ਹਟਾ ਲਿਆ ਸੀ।(ਪੰਜਵੀਂ/ਅੱਠਵੀਂ)
4. ਸਿੰਬਾ _____________________ ਲਈ ਹਮੇਸ਼ਾਂ ਕਾਹਲ਼ਾ ਹੁੰਦਾ ਸੀ। (ਸਵੇਰ ਦੀ ਸੈਰ/ਸ਼ਾਮ ਦੀ ਸੈਰ)
5. ਈਸ਼ਵਰ ਚੰਦਰ ਨੰਦਾ ਪੰਜਾਬੀ ਦਾ ਪਹਿਲਾ ______________ ਹੈ। (ਨਾਵਲਕਾਰ/ਨਾਟਕਕਾਰ)

ਪ੍ਰਸ਼ਨ 2. ਹੇਠ ਲਿਖੇ ਕਾਵਿ-ਅੰਸ਼ਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ। ਪ੍ਰਸੰਗ ਦੇ 3 ਅੰਕ ਅਤੇ ਵਿਆਖਿਆ ਦੇ 5 ਅੰਕ ਹਨ। 3+5=8

(ੳ)
ਵੱਡੇ ਉੱਚੇ ਮਹਲ ਉਸਾਰਿਓ, ਗੋਰ ਨਿਮਾਣੀ ਘਰੁ ਵੋ।
ਜਿਸ ਦੇਹੀ ਤੂ ਮਾਣ ਕਰੇਨੈਂ, ਜਿਉਂ ਪਰਛਾਂਵੇਂ ਫਰੁ ਵੋ।
ਛੋੜ ਤ੍ਰਿਖਾਇ ਪਕੜਿ ਹਲੀਮੀ, ਭੈ ਸਾਹਿਬ ਥੀਂ ਡਰੁ ਵੋ।
ਕਹੇ ਹੁਸੈਨ ਹਯਾਤੀ ਲੋੜੇਂ, ਤਾ ਮਰਨ ਥੀਂ ਅਗੇ ਮਰ ਵੋ।

**(ਅ)**
ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰ ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥

ਪ੍ਰਸ਼ਨ 3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ: 5

(ੳ) ਦਿਲਹੁ ਮੁਹਬਤਿ ਜਿਨ ਸੇਈ ਸਚਿਆ (ਸ਼ੇਖ਼ ਫ਼ਰੀਦ)

(ਅ) ਸੱਚ ਅਤੇ ਕੂੜ (ਭਾਈ ਗੁਰਦਾਸ ਜੀ)

ਪ੍ਰਸ਼ਨ 4. ਪੰਜਾਬੀ ਕਿੱਸਾ-ਕਾਵਿ ਦੇ ਵਿਕਾਸ ਉੱਤੇ ਇੱਕ ਨੋਟ ਲਿਖੋ। 8

ਜਾਂ

'ਚੰਡੀ ਦੀ ਵਾਰ' ਉੱਪਰ ਇੱਕ ਨੋਟ ਲਿਖੋ।

ਪ੍ਰਸ਼ਨ 5. 'ਆਪ-ਬੀਤੀਆਂ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ ਦਿਓ: 3×4=12

(ੳ) ਆਪਣੇ ਵਿਆਹ ਵਾਲ਼ੀ ਰਾਤ ਅੰਮ੍ਰਿਤਾ ਉਦਾਸ ਕਿਉਂ ਸੀ ?

(ਅ) ਪੂਰਨ ਸਿੰਘ ਦੀ ਮਾਂ ਅਟਕ ਦਰਿਆ ਨੂੰ 'ਜਿਊੜਾ' ਕਿਉਂ ਕਹਿੰਦੀ ਹੈ ?

(ੲ) ਲੋਕ ਸਿੰਬਾ ਤੋਂ ਕਿਉਂ ਡਰਦੇ ਸਨ ?

(ਸ) ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਸਵਿਸ ਲੋਕਾਂ ਦੀਆਂ ਕਿਹੜੀਆਂ ਗੱਲਾਂ ਚੰਗੀਆਂ ਲੱਗੀਆਂ ?

(ਹ) ਵਣਜਾਰਾ ਬੇਦੀ ਨੇ ਸਮੇਂ-ਸਮੇਂ ਆਪਣਾ ਜੀਵਨ-ਮਨੋਰਥ ਕੀ ਮਿਥਿਆ ਤੇ ਕਿਉਂ ?

(ਕ) ਕੈਂਡੀ ਨੇ ਵਿਆਹ ਲਈ ਹਾਂ ਕਿਉਂ ਕਰ ਦਿੱਤੀ ?

ਪ੍ਰਸ਼ਨ 6. 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਹੇਠ ਲਿਖੇ ਸਾਹਿਤ-ਰੂਪਾਂ ਵਿੱਚੋਂ ਕਿਸੇ ਇੱਕ ਸਾਹਿਤ-ਰੂਪ ਉੱਪਰ ਨੋਟ ਲਿਖੋ: 2+4+1=7

(ੳ) ਕਵਿਤਾ

(ਅ) ਨਾਟਕ

(ੲ) ਜੀਵਨੀ